# BUDHA DAL PUBLIC SCHOOL PATIALA

## First Term Examination (18 September 2025)

**Class - X**

**Paper - Punjabi (Set - A)**

**Time: 3 hrs.** **MM: 80**

ਆਮ ਨਿਰਦੇਸ਼:

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚੋਂ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
2. ਬਹੁ-ਵਿਕਲਪੀ ਪ੍ਰਸ਼ਨਾਂ ਦਾ ਉੱਤਰ ਲਿਖਦੇ ਹੋਏ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
3. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਦਰਜ਼ ਕੀਤਾ ਜਾਵੇ।

### ਭਾਗ-ੳ (ਪੜ੍ਹਨ-ਕੌਸ਼ਲ)

1) ਹੇਠ ਲਿਖੇ ਵਾਰਤਕ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (6×1=6)

ਕੀਟ-ਨਾਸ਼ੀ ਜ਼ਹਿਰੀਲਾ ਪਾਣੀ-ਪੀਣ ਤੇ ਖੇਤਾਂ 'ਚੋਂ ਜ਼ਹਿਰੀਲੇ ਪਦਾਰਥ ਖਾਣ ਕਰਕੇ ਅਤੇ ਕਈ ਹੋਰ ਕਾਰਨਾਂ ਕਰਕੇ ਚਿੜੀਆਂ ਦੀ ਗਿਣਤੀ ਵਿੱਚ ਬੇਹੱਦ ਕਮੀ ਆਈ ਹੈ। ਕੀਟ-ਨਾਸ਼ਕ ਜ਼ਹਿਰਾਂ ਨਾਲ ਭਰੀਆਂ ਸੁੰਡੀਆਂ ਖਾ ਕੇ ਚਿੜੀਆਂ ਮਰ ਰਹੀਆਂ ਹਨ। ਰਹਿਣ-ਸਹਿਣ ਦੇ ਬਦਲਾਅ ਕਾਰਨ ਚਿੜੀਆਂ ਦੀ ਨਵੀਂ ਪੀੜ੍ਹੀ ਸਹੀ ਢੰਗ ਨਾਲ਼ ਪ੍ਰਜਣਨ ਨਹੀਂ ਕਰ ਸਕੀ। ਇੱਕ ਚਿੜੀ ਆਪਣੇ ਆਲ੍ਹਣੇ ਵਿੱਚ 2 ਤੋਂ 4 ਬੱਚਿਆਂ ਨੂੰ ਆਂਡਿਆਂ ਰਾਹੀਂ ਜਨਮ ਦਿੰਦੀ ਸੀ। ਅੱਜ ਦੇ ਬੱਚਿਆਂ ਲਈ ਚਿੜੀ ਇੱਕ ਬੁਝਾਰਤ ਬਣ ਗਈ ਹੈ। ਇਹੋ ਹਾਲ ਬਿਜੜੇ ਦਾ ਹੋ ਰਿਹਾ ਹੈ। ਤਿੱਲ, ਬਾਜਰਾ, ਚਰ੍ਹੀ, ਰੌਂਗੀ, ਮਸਰਾਂ ਦੀ ਘਟਦੀ ਬਿਜਾਈ, ਜੰਗਲ ਤੇ ਸਰਕੰਡੇ ਖ਼ਤਮ ਹੋਣ ਕਾਰਨ ਬਿਜੜਾ ਵੀ ਅਲੋਪ ਹੋ ਰਿਹਾ ਹੈ। ਬਿਜੜੇ ਦੀ ਜਨਸੰਖਿਆ ਵਿੱਚ 75% ਕਮੀ ਆਈ ਹੈ, ਹੁਣ ਸੜਕਾਂ ਅਤੇ ਨਾਲਿਆਂ ਦੇ ਕੰਢਿਆਂ ਤੋਂ ਬਿਜੜੇ ਦੇ ਸੁੰਦਰ ਘਰ ਅਲੋਪ ਹੋ ਰਹੇ ਹਨ। ਦਰਖ਼ਤਾਂ ਦੀ ਘਾਟ ਕਾਰਨ ਬਗਲਿਆਂ ਦੀ ਤਾਦਾਦ ਵੀ ਲਗਾਤਾਰ ਘਟ ਰਹੀ ਹੈ। ਵੱਡੇ-ਵੱਡੇ ਦਰਖ਼ਤ ਖ਼ਤਮ ਹੁੰਦਿਆਂ ਹੀ ਉੱਲੂ ਖ਼ਤਮ ਹੋ ਰਹੇ ਹਨ ਅਤੇ ਚਮਗਿੱਦੜ, ਚਾਮਚੜਿੱਕ ਤੇ ਪੰਜਾਬ ਦਾ ਸੁੰਦਰ ਪੰਛੀ ਕਠਫੋੜਾ ਵੀ ਖ਼ਤਮ ਹੋ ਰਹੇ ਹਨ ਕਿਉਂਕਿ ਇਹ ਪੁਰਾਣੇ ਦਰਖ਼ਤਾਂ ਦੀਆਂ ਖੋੜਾਂ ਵਿੱਚ ਆਪਣੇ ਘਰ ਬਣਾ ਕੇ ਆਂਡੇ ਦਿੰਦੇ ਸਨ। ਬਦਲਦੇ ਫ਼ਸਲੀ ਚੱਕਰ ਤੇ ਕੀਟ ਨਾਸ਼ਕਾਂ ਕਾਰਨ ਕਈ ਪ੍ਰਕਾਰ ਦੇ ਕੀੜੇ-ਮਕੌੜੇ ਵੀ ਧਰਤੀ ਤੋਂ ਲੁਪਤ ਹੋ ਗਏ ਹਨ। ਖੇਤਾਂ ਨੂੰ ਅੱਗ ਲਾਉਣ ਦੀ ਪ੍ਰਥਾ ਨੇ ਵੀ ਉਹਨਾਂ ਦਾ ਅੰਤ ਕਰ ਦਿੱਤਾ ਹੈ। ਫ਼ਸਲ ਕੱਟਣ ਤੋਂ ਬਾਅਦ ਪਰਾਲ਼ੀ ਨੂੰ ਅੱਗ ਲਾ ਕੇ ਖੇਤ ਸਾਫ਼ ਕਰਨ ਦਾ ਰੁਝਾਨ ਸੰਨ 1999-2000 ਤੋਂ ਸ਼ੁਰੂ ਹੋਇਆ।

ਪ੍ਰਸ਼ਨ (i) ਕੀਟ-ਨਾਸ਼ਕ ਜ਼ਹਿਰਾਂ ਨਾਲ਼ ਭਰੀਆਂ ਕਿਹੜੀਆਂ ਚੀਜ਼ਾਂ ਖਾ ਕੇ ਚਿੜੀਆਂ ਮਰ ਰਹੀਆਂ ਹਨ?

(ੳ) ਚੂਰੀ (ਅ) ਰੋਟੀਆਂ

(ੲ) ਸਬਜ਼ੀਆਂ (ਸ) ਸੁੰਡੀਆਂ

ਪ੍ਰਸ਼ਨ (ii) ਇੱਕ ਚਿੜੀ ਆਪਣੇ ਆਲ੍ਹਣੇ ਵਿੱਚ ਆਂਡਿਆਂ ਰਾਹੀਂ ਕਿੰਨੇ ਬੱਚਿਆਂ ਨੂੰ ਜਨਮ ਦਿੰਦੀ ਹੈ?

(ੳ) 2 ਤੋਂ 4 (ਅ) 3 ਤੋਂ 5

(ੲ) 4 ਤੋਂ 6 (ਸ) 5 ਤੋਂ 7

ਪ੍ਰਸ਼ਨ (iii) ਅੱਜ ਦੇ ਬੱਚਿਆਂ ਲਈ ਚਿੜੀ ਕੀ ਬਣ ਗਈ ਹੈ?

(ੳ) ਖੇਡ (ਅ) ਹਊਆ

(ੲ) ਡਰ (ਸ) ਬੁਝਾਰਤ

ਪ੍ਰਸ਼ਨ (iv) ਬਿਜੜੇ ਦੀ ਜਨਸੰਖਿਆ ਵਿੱਚ ਕਿੰਨੇ ਪ੍ਰਤੀਸ਼ਤ (%) ਕਮੀ ਆਈ ਹੈ?

(ੳ) 56 (ਅ) 57

(ੲ) 65 (ਸ) 75

ਪ੍ਰਸ਼ਨ (v) ਤਿੱਲ, ਬਾਜਰਾ, ਚਰ੍ਹੀ, ਰੌਂਗੀ, ਮਸਰਾਂ ਦੀ ਘਟਦੀ ਬਿਜਾਈ, ਜੰਗਲ ਤੇ ਸਰਕੰਡੇ ਖ਼ਤਮ ਕਰਨ ਕਾਰਨ ਕਿਹੜਾ ਪੰਛੀ ਅਲੋਪ ਹੋ ਗਿਆ ਹੈ?

(ੳ) ਚਿੜੀ (ਅ) ਬਿਜੜਾ

(ੲ) ਕਾਂ (ਸ) ਜਲ-ਕੁਕੜੀ

A-1

Scanned with OKEN Scanner

ਪ੍ਰਸ਼ਨ (vi) ਫ਼ਸਲ ਕੱਟਣ ਤੋਂ ਬਾਅਦ ਪਰਾਲੀ ਨੂੰ ਸਾੜ ਕੇ ਖੇਤ ਸਾਫ਼ ਕਰਨ ਦਾ ਰੁਝਾਨ ਕਦੋਂ ਸ਼ੁਰੂ ਹੋਇਆ?

(ੳ) 1998-2000
(ਅ) 1898-2000
(ੲ) 1899-2000
(ਸ) 1999-2000

2) ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ। (1×4=4)

ਇਹ ਬੇਪਰਵਾਹ ਪੰਜਾਬ ਦੇ,
ਮੌਤ ਨੂੰ ਮਖ਼ੌਲਾਂ ਕਰਨ,
ਮਰਨ ਥੀਂ ਨਹੀਂ ਡਰਦੇ।
ਪਿਆਰ ਨਾਲ ਇਹ ਕਰਨ ਗੁਲਾਮੀ,
ਜਾਨ ਕੋਹ ਆਪਣੀ ਵਾਰ ਦਿੰਦੇ।
ਪਰ ਟੈ ਨਾ ਮੰਨਣ ਕਿਸੇ ਦੀ,
ਖਲੋ ਜਾਣ ਡਾਂਗਾ ਮੌਢੇ 'ਤੇ ਉਲਾਰ ਕੇ।

ੳ) ਕਵਿਤਾ ਵਿੱਚ ਕਿਨ੍ਹਾਂ ਬਾਰੇ ਗੱਲ ਕੀਤੀਂ ਗਈ ਹੈ?
ਅ) ਪੰਜਾਬ ਦੇ ਜਵਾਨਾਂ ਦੀ ਕਿਹੜੀ ਬੇਪਰਵਾਹੀ ਦੱਸੀ ਗਈ ਹੈ?
ੲ) ਪੰਜਾਬ ਦੇ ਜਵਾਨਾਂ ਨੂੰ ਵੱਸ ਵਿੱਚ ਕਰਨ ਦਾ ਕਿਹੜਾ ਗੁਰ ਦੱਸਿਆ ਗਿਆ ਹੈ?
ਸ) 'ਪਰ ਟੈਂ ਨਾ ਮੰਨਣ ਕਿਸੇ ਦੀ' ਤੁਕ ਤੋਂ ਪੰਜਾਬੀਆਂ ਦੇ ਕਿਹੜੇ ਸੁਭਾਅ ਦਾ ਪਤਾ ਲੱਗਦਾ ਹੈ?

## ਭਾਗ – ਅ (ਵਿਆਕਰਨ)

**3) ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਹੇਠ ਲਿਖਿਆਂ ਵਿੱਚੋਂ ਕੋਈ ਸਹੀ ਸਮਾਸੀ ਸ਼ਬਦ ਚੁਣੋ:

1) ਜਵਾਈ-ਘਰ 2) ਧੋਤਾ-ਦੁੱਧ 3) ਸੇਵਾ-ਮੁਕਤ 4) ਘਿਓ-ਪਾਣੀ

ਅ) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਸਾਰਥਕ ਤੇ ਨਿਰਾਰਥਕ ਸ਼ਬਦਾਂ ਦੇ ਸੁਮੇਲ ਨਾਲ ਬਣਿਆ ਹੈ:

1) ਅੰਗ-ਸਾਕ 2) ਪਾਪ-ਪੁੰਨ 3) ਸਾਕ-ਸੰਬੰਧੀ 4) ਮੰਜਾ-ਮੁੰਜਾ

ੲ) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਸਮਾਨਾਰਥਕ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ?

1) ਸੋਨਾ-ਚਾਂਦੀ 2) ਪਾਣੀ-ਧਾਣੀ 3) ਕੌਲ-ਕਰਾਰ 4) ਜੱਗ-ਬੀਤੀ

**4) ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਹੇਠ ਲਿਖਿਆਂ ਖਾਲੀ ਸਥਾਨ ਵਿੱਚੋਂ ਇੱਕ ਬਹੁ-ਅਰਥਕ ਸ਼ਬਦ ਭਰੋ-

ਪਿੰਡ ਵਿੱਚ ਮੇਰਾ ਘਰ ਸਭ ਤੋਂ .......... ਹੈ। ਮੇਰੇ ਦਾਦਾ ਜੀ ਨੂੰ ....... ਸੁਣਦਾ ਹੈ, ਉਹ ਸਾਨੂੰ ਸਿੱਖਿਆ ਦਿੰਦੇ ਹਨ ਕਿ ਸਾਨੂੰ ਸਾਡਾ ਆਚਰਣ .......... ਰੱਖਣਾ ਚਾਹੀਦਾ ਹੈ।

1) ਵਾਰ 2) ਉੱਚਾ 3) ਨੀਵਾ 4) ਵੱਟ

ਅ) 'ਖੱਟੀ' ਸ਼ਬਦ ਦਾ ਇੱਕ ਅਰਥ ਹੈ 'ਖਟਾਸ ਵਾਲੀ' ਦੂਜਾ ਅਰਥ ਚੁਣੋ।

1) ਕਮਾਈ 2) ਠੱਗੀ 3) ਸਿਰ 4) ਹਸਣਾ

ੲ) ਕਿਹੜਾ ਸ਼ਬਦ 'ਹਾਰ' ਸ਼ਬਦ ਦੇ ਬਹੁ-ਅਰਥਕ ਸ਼ਬਦ ਵੱਜੋਂ ਨਹੀਂ ਵਰਤਿਆ ਜਾ ਸਕਦਾ?

1) ਘੁੰਮਣਾ 2) ਫੁੱਲਾਂ ਦਾ ਹਾਰ 3) ਗਹਿਣਾ 4) ਹਾਰਨਾ

**5) ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਕਿਰਿਆ ਵਿਸ਼ੇਸ਼ਣ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

1) ਸੱਤ 2) ਨੌ 3) ਅੱਠ 4) ਛੇ

A-2

Scanned with OKEN Scanner

ਅ) ਹੇਠ ਲਿਖੇ ਸਮੂਹਾਂ ਵਿੱਚੋਂ ਸਥਾਨ ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ:

1) ਕਦੇ, ਹਾਂ, ਨਾ, ਨਹੀਂ 2) ਪਰਸੋਂ, ਸਵੇਰੇ, ਸ਼ਾਮ, ਕੁਵੇਲੇ

3) ਉੱਪਰ, ਪਰੇ, ਉਰੇ, ਬਾਹਰ 4) ਸਾਰਾ, ਪੂਰਾ, ਘੱਟ, ਵੱਧ

ੲ) ਜੋ ਕਿਰਿਆ ਵਿਸ਼ੇਸ਼ਣ ਕਿਰਿਆ ਦੇ ਕਰਨ ਦਾ ਢੰਗ ਦੱਸਣ, ਉਨ੍ਹਾਂ ਨੂੰ ਕੀ ਕਹਿੰਦੇ ਹਨ?

1) ਪ੍ਰਕਾਰ ਵਾਚਕ ਕਿਰਿਆ-ਵਿਸ਼ੇਸ਼ਣ 2) ਕਾਲ ਵਾਚਕ ਕਿਰਿਆ-ਵਿਸ਼ੇਸ਼ਣ

3) ਸਥਾਨ ਵਾਚਕ ਕਿਰਿਆ-ਵਿਸ਼ੇਸ਼ਣ 4) ਨਿਰਣਾ ਵਾਚਕ ਕਿਰਿਆ-ਵਿਸ਼ੇਸ਼ਣ

**6) ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ):** (1+1=2)

ੳ) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:

ਸਬ, ਖੁਸ਼

ਅ) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:

ਕਾਰੀ, ਦਾਰੀ

**7) ਮੁਹਾਵਰੇ : ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ:** (4×1=4)

ਕੁਫ਼ਰ ਤੋਲਣਾ, ਖਾਨਾ ਖਰਾਬ ਹੋਣਾ, ਗੰਗਾ ਨਹਾਉਣਾ, ਘੋੜੇ ਵੇਚ ਕੇ ਸੌਣਾ, ਗੁਲਛਰੇ ਉਡਾਉਣਾ, ਖੋਤੇ ਉੱਤੇ ਚੜ੍ਹਾਉਣਾ

## ਭਾਗ-ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)

**8) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ 'ਇੱਕ' ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ:** (8)

**ਨਾਨਕ ਦੁਖੀਆ ਸਭ ਸੰਸਾਰ**

ਨੁਕਤੇ -

ਜਾਣ-ਪਛਾਣ, ਮਹਾਂਪੁਰਖਾਂ ਦੇ ਕਥਨ, ਦੁਨੀਆ ਦਾ ਹਰ ਜੀਵ ਦੁਖੀ, ਛੋਟੇ-ਛੋਟੇ ਬੱਚਿਆਂ ਵਿੱਚ ਵੀ ਦੁੱਖ, ਸਭ ਦੇ ਅੱਡ-ਅੱਡ ਦੁੱਖ, ਦੁੱਖ-ਸੁੱਖ ਜ਼ਿੰਦਗੀ ਦੇ ਦੋ ਅੰਗ, ਦੁੱਖਾਂ ਦੇ ਕਾਰਨ, ਦੁੱਖਾਂ ਤੋਂ ਬੱਚਣ ਦੇ ਉਪਾਅ, ਸਾਰਾਂਸ਼।

**ਜਾਂ**

**ਸੋਸ਼ਲ ਮੀਡੀਆ**

ਨੁਕਤੇ -

ਜਾਣ-ਪਛਾਣ, ਜਾਣਕਾਰੀ ਨੂੰ ਪ੍ਰਚਾਰਨ ਤੇ ਪ੍ਰਸਾਰਨ ਦਾ ਸੋਮਾ, ਸੰਬੰਧਾਂ ਵਿੱਚ ਵਾਧੇ ਦਾ ਸਾਧਨ, ਇਸ ਸਹੂਲਤ ਦੀ ਦੁਰਵਰਤੋਂ, ਸਿੱਟਾ।

**ਜਾਂ**

**ਨੌਜਵਾਨਾਂ ਵਿੱਚ ਵੱਧ ਰਹੀ ਨਸ਼ਿਆਂ ਦੀ ਵਰਤੋਂ**

ਨੁਕਤੇ -

ਜਾਣ-ਪਛਾਣ, ਨਸ਼ਿਆਂ ਦੇ ਕਾਰਨ, ਬਾਹਰਲੇ ਪ੍ਰਭਾਵ, ਬੇਰੁਜ਼ਗਾਰੀ, ਘਰੇਲੂ ਪਰੇਸ਼ਾਨੀਆਂ, ਹੋਸਟਲਾਂ ਦਾ ਵਾਤਾਵਰਨ, ਸਫ਼ਲਤਾ ਪ੍ਰਾਪਤ ਕਰਨ ਦੀ ਪ੍ਰਬਲ ਇੱਛਾ, ਸੁਝਾਅ, ਉਪਰਾਲਾ, ਸਿੱਟਾ।

**9) ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ।** (1×6=6)

ਤੁਹਾਡਾ ਦੋਸਤ/ਸਹੇਲੀ ਮਾੜੀ ਸੰਗਤ ਦੇ ਪ੍ਰਭਾਵ ਕਾਰਨ ਦਿਨ-ਬ-ਦਿਨ ਫੈਸ਼ਨ ਪ੍ਰਸਤ ਹੋ ਰਿਹਾ ਹੈ। ਇਸ ਪੱਤਰ ਰਾਹੀਂ ਉਸਨੂੰ ਬੇਲੋੜੇ ਫੈਸ਼ਨ ਤੋਂ ਵਰਜਦੇ ਹੋਏ, ਉਸਦੀ ਭਲਾਈ ਲਈ ਸੁਝਾਅ ਦਿਓ।

ਨੁਕਤੇ: ਦੋਸਤ ਵਿੱਚ ਤਬਦੀਲੀ, ਦੋਸਤ ਦਾ ਪਰ੍ਹੇ-ਪਰ੍ਹੇ ਰਹਿਣਾ, ਮਾੜੀ ਸੰਗਤ, ਪਰਿਵਾਰ ਦੀ ਚਿੰਤਾ, ਫੈਸ਼ਨ ਦੀ ਕੀ ਲੋੜ, ਮਾੜੀ ਸੰਗਤ ਦਾ ਨਤੀਜਾ ਵੀ ਬੁਰਾ, ਸਲਾਹ।



Scanned with OKEN Scanner

ਜਾਂ

ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਦੱਸੋ ਕਿ ਨਗਰ ਵਿੱਚ ਨਿੱਤ ਵਰਤੋਂ ਦੀਆਂ ਚੀਜ਼ਾਂ ਵਿੱਚ ਮਿਲਾਵਟ ਕੀਤੇ ਜਾਣ ਨਾਲ ਲੋਕਾਂ ਨੂੰ ਪੇਟ ਦੀਆਂ ਬਿਮਾਰੀਆਂ ਹੋ ਰਹੀਆਂ ਹਨ। ਸਰਕਾਰ ਇਸ ਦੀ ਰੋਕਥਾਮ ਦਾ ਪ੍ਰਬੰਧ ਕਰੇ।
ਨੁਕਤੇ: ਵਸਤਾਂ ਵਿੱਚ ਮਿਲਾਵਟ, ਲੋਕਾਂ ਦੇ ਸਿਹਤ ਨਾਲ ਖਿਲਵਾੜ, ਅਧਿਕਾਰੀਆਂ ਦੀ ਮਿਲੀ ਭੁਗਤ, ਛਾਪੇ ਮਾਰੇ ਜਾਣ, ਜੁਰਮਾਨਾ ਅਤੇ ਸਜ਼ਾ।

**10) ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ।** (4)



**ਭਾਗ-ਸ (ਪਾਠ ਪੁਸਤਕਾਂ ਤੇ ਅਧਾਰਤ)**

**11) ਕਹਾਣੀ ਅਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)**

ੳ) ਧਰਮ ਘਰਾਂ ਵਿੱਚੋਂ ਨਿਕਲ ਦੇ ਕਿੱਥੇ ਆ ਗਿਆ?
1) ਬਜ਼ਾਰਾਂ ਵਿੱਚ 2) ਮਹਿਲਾਂ ਵਿੱਚ 3) ਸਕੂਲਾਂ ਵਿੱਚ 4) ਕਾਲਜਾਂ ਵਿੱਚ

ਅ) 'ਘਰ ਦਾ ਪਿਆਰ' ਲੇਖ ਅਨੁਸਾਰ ਅੱਜ-ਕੱਲ੍ਹ ਬਹੁਤ ਸਾਰੀ ਦੁਰਾਚਾਰੀ ਦਾ ਕਰਨ ਕਿਹੜੀ ਵੱਸੋਂ ਦਾ ਘਾਟਾ ਹੈ?
1) ਸੁਮਾਜਿਕ 2) ਨਿੱਜੀ 3) ਬਜ਼ਾਰੀ 4) ਘਰੋਗੀ

ੲ) 'ਬੋਲੀ' ਲੇਖ ਅਨੁਸਾਰ ਕਿਹੜਾ ਖਜ਼ਾਨਾ ਬਚਪਨ ਦੇ ਚੌਗਿਰਦੇ ਵਿੱਚੋਂ ਜੁੜਨਾ ਸ਼ੁਰੂ ਹੁੰਦਾ ਹੈ?
1) ਸੂਝ-ਬੂਝ 2) ਬੋਲੀ ਦਾ 3) ਅਕਲ ਦਾ 4) ਭਾਵਾਂ ਦਾ

ਸ) 'ਪ੍ਰਾਰਥਨਾ' ਲੇਖ ਵਿੱਚ ਸਿੱਖ ਦੀ ਅਰਦਾਸ ਨਿੱਜੀ ਜ਼ਰੂਰਤਾਂ ਤੋਂ ਉੱਠ ਕੇ ਕਿਸ ਵਿੱਚ ਲੀਨ ਹੋ ਜਾਂਦੀ ਹੈ?
1) ਭੀੜ ਵਿੱਚ 2) ਸਰਬੱਤ ਤੇ ਭਲੇ ਵਿੱਚ 3) ਲੰਗਰ ਵਿੱਚ 4) ਗੁਰਦੁਆਰੇ ਵਿੱਚ

ਹ) 'ਕੁਲਫ਼ੀ' ਕਹਾਣੀ ਵਿੱਚ ਪੈਸੇ ਦੀ ਤੰਗੀ ਕਿਹੜੀ ਤੰਗੀ ਤੋਂ ਭੈੜੀ ਹੁੰਦੀ ਹੈ?
1) ਭੁੱਖ ਦੀ 2) ਮਕਾਨ ਦੀ 3) ਹਵਾਲਾਤ ਦੀ 4) ਇਹਨਾਂ ਵਿੱਚੋਂ ਕੋਈ ਨਹੀਂ

ਕ) 'ਅੰਗ-ਸੰਗ' ਕਹਾਣੀ ਵਿੱਚ ਕਰਤਾਰ ਸਿੰਘ ਕੌਣ ਸੀ?
1) ਮੱਖਣ ਸਿੰਘ ਦਾ ਭਰਾ 2) ਕਰਮ ਸਿੰਘ ਦਾ ਚਾਚਾ
3) ਮਹਿੰਦਰ ਸਿੰਘ ਦਾ ਭਰਾ 4) ਅਮਰੀਕ ਸਿੰਘ ਦਾ ਪਿਤਾ

**12) ਕਵਿਤਾ ਅਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)**

ੳ) 'ਕਿਰਪਾ ਕਰਿ ਕੈ ਬਖਸਿ ਲੈਹੁ' ਕਿਸ ਦੀ ਰਚਨਾ ਹੈ?
1) ਗੁਰੂ ਅਮਰਦਾਸ ਜੀ ਦੀ 2) ਗੁਰੂ ਅਰਜਨ ਦੇਵ ਜੀ ਦੀ
3) ਗੁਰੂ ਨਾਨਕ ਦੇਵ ਜੀ ਦੀ 4) ਭਾਈ ਗੁਰਦਾਸ ਜੀ ਦੀ

A-4

Scanned with OKEN Scanner

ਅ) 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਸ਼ਬਦ ਅਨੁਸਾਰ ਸਭ ਥਾਵਾਂ 'ਤੇ ਕੌਣ ਰਾਖਾ ਹੈ?

1) ਮਾਂ-ਬਾਪ 2) ਰਿਸ਼ਤੇਦਾਰ 3) ਸੰਗਤ 4) ਪਰਮਾਤਮਾ

ੲ) 'ਸੋ ਕਿਉਂ ਮੰਦਾ ਆਖੀਐ' ਸ਼ਬਦ ਵਿੱਚ 'ਬੰਧਾਨੁ' ਸ਼ਬਦ ਤੋਂ ਕੀ ਭਾਵ ਹੈ?

1) ਸਕੇ-ਸੰਬੰਧੀ 2) ਇਸਤਰੀ 3) ਭਾਂਡੇ 4) ਪਰਬਤ

ਸ) ਗੁਰੂ ਗੋਬਿੰਦ ਸਿੰਘ ਜੀ ਵੱਲੋਂ ਭੇਜਿਆ 'ਜ਼ਫ਼ਰਨਾਮਾ' ਔਰੰਗਜ਼ੇਬ ਕੋਲ ਕੌਣ ਲੈ ਕੇ ਗਿਆ?

1) ਭਾਈ ਸੁਬੇਗ ਸਿੰਘ 2) ਭਾਈ ਧਰਮ ਸਿੰਘ 3) ਭਾਈ ਮਹਿਤਾਬ ਸਿੰਘ 4) ਭਾਈ ਦਇਆ ਸਿੰਘ

ਹ) ਔਰੰਗਜ਼ੇਬ ਦੀ ਪਤਨੀ ਦਾ ਕੀ ਨਾਂ ਸੀ?

1) ਬੇਗ਼ਮ ਨਮੀਜ 2) ਬੇਗ਼ਮ ਹੁਸੈਨਾ 3) ਬੇਗ਼ਮ ਉਦੈਪੁਰੀ 4) ਬੇਗ਼ਮ ਸੁਲਤਾਨਾ

ਕ) ਜ਼ੀਨਤ ਆਪਣੇ ਪਿਤਾ ਦੀ ਕਿੰਨੇ ਵਰੇ ਤੋਂ ਖ਼ਿਦਮਤ ਕਰ ਰਹੀ ਸੀ?

1) 30 ਸਾਲਾਂ ਤੋਂ 2) 20 ਸਾਲਾਂ ਤੋਂ 3) 10 ਸਾਲਾਂ ਤੋਂ 4) 25 ਸਾਲਾਂ ਤੋਂ

**13) ਕਹਾਣੀ ਅਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ): (4×1=4)**

ੳ) ਮਨੁੱਖ ਦੇ ਪਿਆਰ ਦੀਆਂ ਸੱਧਰਾਂ ਕਿੱਥੇ ਪਲਦੀਆਂ ਹਨ?

ਅ) ਮਨੁੱਖ ਦਾ ਕਿਹੜਾ ਅੰਗ ਉਸ ਦੇ ਸਰੀਰ ਦਾ ਚਿੱਤਰ ਹੈ?

ੲ) ਕਿਸ ਧਰਮ ਵਿੱਚ ਅਰਦਾਸ ਦੀ ਖ਼ਾਸ ਅਹਿਮੀਅਤ ਹੈ?

ਸ) ਪਾਠ 'ਅੰਗ-ਸੰਗ' ਵਿੱਚ ਕਰਤਾਰ ਸਿੰਘ ਨੇ ਘਰੋਂ ਪਤੀਲਾ ਚੁੱਕ ਕੇ ਕਿੱਥੇ ਵੇਚ ਦਿੱਤਾ ਸੀ?

ਹ) ਕਹਾਣੀ 'ਕੁਲਫ਼ੀ' ਅਨੁਸਾਰ ਲੇਖਕ ਨੂੰ ਖਰਚਣ ਲਈ ਕੀ ਮਿਲਦਾ ਸੀ?

**14) ਕਹਾਣੀ ਵਾਰਤਕ ਅਤੇ ਇਕਾਂਗੀ ਵਿੱਚੋਂ (7×2=14)**

**(ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ):**

ੳ) ਅਰਦਾਸ ਕਦੋਂ ਤੇ ਕਿਉਂ ਕੀਤੀ ਜਾਂਦੀ ਹੈ?

ਅ) 'ਲਫ਼ਜ਼ ਵੀ ਦਿਲ ਦੀ ਦੌਲਤ ਦੀਆਂ ਮੁਹਰਾਂ ਹੁੰਦੇ ਹਨ' ਕਥਨ ਦੀ ਵਿਆਖਿਆ ਕਰੋ।

ੲ) ਲੇਖ 'ਪ੍ਰਾਰਥਨਾ' ਅਨੁਸਾਰ ਮਨੁੱਖ ਨੂੰ ਸਮਾਜ ਵਿੱਚ ਕਿਵੇਂ ਵਿਚਰਨਾ ਚਾਹੀਦਾ ਹੈ?

ਸ) ਮਨੁੱਖ ਦੀਆਂ ਧਾਰਮਿਕ ਰੁਚੀਆਂ ਨੂੰ ਬਲਵਾਨ ਬਣਾਉਣ ਵਿੱਚ ਘਰ ਦੇ ਪਿਆਰ ਦਾ ਕੀ ਮਹੱਤਵ ਹੈ?

ਹ) ਕੁਲਫ਼ੀ ਵਾਲੇ ਦਾ ਹੋਕਾ ਸੁਣ ਕੇ ਲੇਖਕ ਕੀ ਸੋਚਣ ਲੱਗਾ?

ਕ) ਕਰਤਾਰ ਸਿੰਘ ਦੇ ਛੋਟੀ ਉਮਰੇ ਹੀ ਦੁਨੀਆਂ ਤੋਂ ਤੁਰ ਜਾਣ ਦੇ ਕੀ ਕਾਰਨ ਸਨ?

ਖ) ਜ਼ਫ਼ਰਨਾਮੇ ਵਿੱਚ ਕਿਹੜੀ ਗੱਲ ਸੀ ਜੋ ਔਰੰਗਜ਼ੇਬ ਦੀ ਜ਼ਮੀਰ ਨੂੰ ਹਲੂਣ ਗਈ?

ਗ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਕਿਵੇਂ ਸ਼ਹੀਦ ਹੋਏ?

**15) ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ) (2×4=8)**

ੳ) 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਦਾ ਸਾਰ ਲਿਖੋ।

**ਜਾਂ**

'ਸੋ ਕਿਉਂ ਮੰਦਾ ਆਖੀਐ' ਸ਼ਬਦ ਵਿੱਚ ਇਸਤਰੀ ਦੀ ਮਹਾਨਤਾ ਦੱਸੀ ਗਈ ਹੈ, ਸੰਖੇਪ ਵਿੱਚ ਵਰਨਣ ਕਰੋ।

ਅ) ਵੱਡਿਆਂ ਨੂੰ ਬੱਚਿਆਂ ਦੀ ਬੋਲੀ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ, ਕਿਉਂ?

**ਜਾਂ**

ਮਹਾਤਮਾ ਰਣਜੀਤ ਸਿੰਘ ਨੇ ਕੈਦੀ ਦੀ ਸਜ਼ਾ ਮਾਫ਼ ਕਿਉਂ ਕਰ ਦਿੱਤੀ?

**16) ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ) (1×4=4)**

ੳ) ਔਰੰਗਜ਼ੇਬ ਦਾ ਪਾਤਰ ਚਿਤਰਨ ਕਰੋ।

**ਜਾਂ**

ਔਰੰਗਜ਼ੇਬ ਆਪਣੀ ਬੇਟੀ ਨਾਲ ਉਸਨੂੰ ਪਰੇਸ਼ਾਨ ਕਰਨ ਵਾਲੀ ਗੱਲ ਸਾਂਝੀ ਕਿਉਂ ਨਹੀਂ ਕਰ ਰਿਹਾ ਸੀ?

A-5

Scanned with OKEN Scanner